# ਹਸਪਤਾਲ ਤੋਂ ਲੰਮੀ ਮਿਆਦ ਦੀ ਦੇਖਭਾਲ ਵਿੱਚ ਤਬਦੀਲ ਹੋਣਾ

**ਹਸਪਤਾਲ ਛੱਡਣਾ ਤੁਹਾਡੀ ਦੇਖਭਾਲ ਦੀ ਯਾਤਰਾ ਦਾ ਅਗਲਾ ਕਦਮ ਹੈ।** ਤੁਹਾਡੇ ਦੇਖਭਾਲ ਪ੍ਰਦਾਤਾ ਨੇ ਸਾਨੂੰ ਸੂਚਿਤ ਕੀਤਾ ਹੈ ਕਿ ਤੁਹਾਨੂੰ ਹੁਣ ਹਸਪਤਾਲ ਵਿੱਚ ਗੰਭੀਰ ਡਾਕਟਰੀ ਦੇਖਭਾਲ ਦੀ ਲੋੜ ਨਹੀਂ ਹੈ।

ਓਨਟਾਰੀਓ ਵਿੱਚ, ਲੋੜੀਂਦੀ ਦੇਖਭਾਲ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਤੁਹਾਡੇ ਕੋਲ ਕਈ ਵਿਕਲਪ ਹਨ। **ਅਸੀਂ ਤੁਹਾਡੇ ਨਾਲ ਇਹਨਾਂ ਵਿਕਲਪਾਂ ਦੀ ਪੜਚੋਲ ਕੀਤੀ ਹੈ ਅਤੇ ਇਹ ਨਿਰਧਾਰਿਤ ਕੀਤਾ ਹੈ ਕਿ ਤੁਹਾਡੀ ਦੇਖਭਾਲ ਦੀਆਂ ਲੋੜਾਂ ਲਈ ਲੰਬੀ-ਮਿਆਦ ਦੀ ਦੇਖਭਾਲ ਸਭ ਤੋਂ ਢੁਕਵਾਂ ਮਾਹੌਲ ਹੋ ਸਕਦਾ ਹੈ।**

ਜੇਕਰ ਤੁਸੀਂ ਯੋਗ ਹੋ, ਤਾਂ ਲੰਬੀ-ਮਿਆਦ ਦੇ ਕੇਅਰ ਹੋਮ ਵਿੱਚ ਤੁਹਾਡਾ ਦਾਖਲੇ ਦਾ ਤਾਲਮੇਲ ਹੋਮ ਐਂਡ ਕਮਿਊਨਿਟੀ ਕੇਅਰ ਸਪੋਰਟ ਸਰਵਿਸਿਜ਼ ਦੇ ਪਲੇਸਮੈਂਟ ਕੋਆਰਡੀਨੇਟਰਾਂ ਦੁਆਰਾ ਕੀਤਾ ਜਾਂਦਾ ਹੈ। ਤੁਹਾਡਾ ਪਲੇਸਮੈਂਟ ਕੋਆਰਡੀਨੇਟਰ ਅਜਿਹੇ ਲੰਬੀ-ਮਿਆਦ ਦੇ ਕੇਅਰ ਹੋਮ ਵਿਖੇ ਜਾਣ ਵਿੱਚ ਸਹਾਇਤਾ ਕਰਨ ਲਈ ਤੁਹਾਡੇ ਨਾਲ ਕੰਮ ਕਰੇਗਾ ਜੋ ਤੁਹਾਡੀਆਂ ਦੇਖਭਾਲ ਦੀਆਂ ਲੋੜਾਂ ਨੂੰ ਪੂਰਾ ਕਰ ਸਕੇ, ਜੋ ਜਾਂ ਤਾਂ ਤੁਹਾਡੀ ਪਹਿਲੀ ਪਸੰਦ ਦਾ ਘਰ ਜਾਂ ਕੋਈ ਹੋਰ ਘਰ ਹੋਵੇਗਾ ਜੋ ਤੁਹਾਡੀਆਂ ਲੋੜਾਂ ਨੂੰ ਪੂਰਾ ਕਰ ਸਕੇ ਜਿਸ ਦੌਰਾਨ ਤੁਸੀਂ ਆਪਣੀ ਪਹਿਲੀ ਪਸੰਦ ਵਾਲੇ ਘਰ ਜਾਣ ਦੀ ਉਡੀਕ ਕਰਦੇ ਹੋ।

ਮਰੀਜ਼ਾਂ, ਉਹਨਾਂ ਦੇ ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਚਰਚਾ ਕੀਤੇ ਗਏ ਲੰਬੀ-ਮਿਆਦ ਦੇ ਘਰਾਂ ਵਿੱਚ ਜਾਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਜੇਕਰ ਤੁਸੀਂ ਘਰਾਂ ਵਿੱਚ ਜਾ ਨਹੀਂ ਸਕਦੇ ਹੋ, ਤਾਂ ਤੁਸੀਂ www.thehealthline.ca 'ਤੇ ਓਨਟਾਰੀਓ ਦੇ ਲੰਬੀ-ਮਿਆਦ ਦੇ ਦੇਖਭਾਲ ਘਰਾਂ ਦੀਆਂ ਫੋਟੋਆਂ, ਜਾਣਕਾਰੀ ਜਾਂ ਵਰਚੁਅਲ ਟੂਰ ਦੇਖ ਸਕਦੇ ਹੋ। ਇਸ ਨਾਲ ਤੁਹਾਨੂੰ ਇਹ ਸਮਝਣ ਵਿੱਚ ਮਦਦ ਮਿਲੇਗੀ ਕਿ ਘਰ ਕਿਹੋ ਜਿਹਾ ਦਿਖਾਈ ਦਿੰਦਾ ਹੈ, ਇਹ ਕਿੱਥੇ ਸਥਿਤ ਹੈ, ਅਤੇ ਉਹਨਾਂ ਲੋਕਾਂ ਨੂੰ ਮਿਲਣ ਵਿੱਚ ਮਦਦ ਮਿਲੇਗੀ ਜੋ ਘਰ ਵਿੱਚ ਕੰਮ ਕਰਦੇ ਹਨ ਅਤੇ ਰਹਿੰਦੇ ਹਨ।

## ਲੰਬੀ-ਮਿਆਦ ਦੇ ਦੇਖਭਾਲ ਘਰਾਂ ਬਾਰੇ

ਲੰਬੀ-ਮਿਆਦ ਦੇ ਦੇਖਭਾਲ ਘਰ, ਉਹਨਾਂ ਲੋਕਾਂ ਲਈ ਇੱਕ ਸੁਰੱਖਿਅਤ, ਸਲਾਮਤ ਅਤੇ ਵਿਸ਼ੇਸ਼ ਦੇਖਭਾਲ ਵਾਤਾਵਰਨ ਦੀ ਪੇਸ਼ਕਸ਼ ਕਰਦੇ ਹਨ ਜੋ ਉੱਚ ਪੱਧਰ ਦੀ ਦੇਖਭਾਲ ਜਾਂ ਨਿਗਰਾਨੀ ਦੇ ਕਾਰਨ ਹੁਣ ਸੁਤੰਤਰ ਤੌਰ 'ਤੇ ਨਹੀਂ ਰਹਿ ਸਕਦੇ ਹਨ। ਲੰਬੀ-ਮਿਆਦ ਦੇ ਦੇਖਭਾਲ ਘਰਾਂ ਨੂੰ ਓਨਟਾਰੀਓ ਸਰਕਾਰ ਦੁਆਰਾ ਲਾਇਸੰਸ ਅਤੇ ਫੰਡ ਦਿੱਤਾ ਜਾਂਦਾ ਹੈ ਅਤੇ ਉਹਨਾਂ ਲਈ *ਲੰਬੀ ਮਿਆਦ ਦੀ ਦੇਖਭਾਲ ਨੂੰ ਠੀਕ ਕਰਨਾ ਐਕਟ 2021 (Fixing Long-Term Care Act, 2021)* ਦੇ ਤਹਿਤ ਲੋੜਾਂ ਨੂੰ ਪੂਰਾ ਕਰਨਾ ਲਾਜ਼ਮੀ ਹੁੰਦਾ ਹੈ।

- ਘਰ ਦੀ ਕਿਸਮ, ਮਾਲਕੀ ਮਾਡਲ, ਸਥਾਨ ਜਾਂ ਆਕਾਰ ਦੀ ਪਰਵਾਹ ਕੀਤੇ ਬਿਨਾਂ, ਸਾਰੇ ਲੰਬੀ-ਮਿਆਦ ਦੇ ਦੇਖਭਾਲ ਘਰਾਂ ਨੂੰ ਦੇਖਭਾਲ ਦੇ ਇੱਕੋ ਜਿਹੇ ਮਿਆਰਾਂ ਨੂੰ ਪੂਰਾ ਕਰਨ ਦੀ ਲੋੜ ਹੁੰਦੀ ਹੈ।
- ਲੰਬੀ-ਮਿਆਦ ਦੇ ਦੇਖਭਾਲ ਘਰ, ਘਰ ਵਰਗਾ ਵਾਤਾਵਰਨ ਪ੍ਰਦਾਨ ਕਰਦੇ ਹਨ ਅਤੇ ਮਨੋਰੰਜਨ ਸੇਵਾਵਾਂ ਅਤੇ ਸਮਾਜਕ ਸਹਾਇਤਾ ਦੀ ਪੇਸ਼ਕਸ਼ ਕਰ ਸਕਦੇ ਹਨ।
- ਕੁਝ ਲੰਬੀ-ਮਿਆਦ ਦੇ ਦੇਖਭਾਲ ਘਰ ਸੱਭਿਆਚਾਰਕ ਤੌਰ ’ਤੇ ਢੁਕਵੀਆਂ, ਧਾਰਮਿਕ ਅਤੇ ਭਾਸ਼ਾਈ ਸੇਵਾਵਾਂ ਪ੍ਰਦਾਨ ਕਰਵਾਉਣ ਲਈ ਵਧੇਰੇ ਯੋਗ ਹੋ ਸਕਦੇ ਹਨ; ਉਹ ਇਹਨਾਂ ਲੋੜਾਂ ਨੂੰ ਪੂਰਾ ਕਰਨ ਲਈ ਭੋਜਨ, ਰੋਜ਼ਾਨਾ ਪ੍ਰਥਾਵਾਂ ਅਤੇ ਗਤੀਵਿਧੀਆਂ ਨੂੰ ਲੋੜ ਅਨੁਸਾਰ ਬਦਲ ਸਕਦੇ ਹਨ।

## ਘਰ ਦੀ ਚੋਣ ਕਿਵੇਂ ਕੀਤੀ ਜਾਂਦੀ ਹੈ?

ਪਲੇਸਮੈਂਟ ਕੋਆਰਡੀਨੇਟਰ ਤੁਹਾਡੀ ਸਹਾਇਤਾ ਕਰਨ ਲਈ ਮੌਜੂਦ ਹੈ। ਸਾਡਾ ਟੀਚਾ ਤੁਹਾਡੇ ਨਾਲ ਮਿਲ ਕੇ ਤੁਹਾਡੇ ਪਸੰਦੀਦਾ ਸਥਾਨ(ਸਥਾਨਾਂ) ਦੇ 70 ਕਿਲੋਮੀਟਰ ਦੇ ਦਾਇਰੇ ਵਿੱਚ ਇੱਕ ਘਰ ਲੱਭਣ ਲਈ ਕੰਮ ਕਰਨਾ ਹੈ ਜੋ ਤੁਹਾਡੀ ਦੇਖਭਾਲ ਦੀਆਂ ਲੋੜਾਂ ਨੂੰ ਪੂਰਾ ਕਰੇ। ਤੁਹਾਡਾ ਤਰਜੀਹੀ ਸਥਾਨ ਓਨਟਾਰੀਓ ਵਿੱਚ ਕਿਤੇ ਵੀ ਹੋ ਸਕਦਾ ਹੈ, ਅਤੇ ਇਹ ਤੁਹਾਡੀ ਪਹਿਲੀ ਪਸੰਦ ਦੇ ਲੰਬੀ-ਮਿਆਦ ਦੇ ਦੇਖਭਾਲ ਘਰ ਦਾ ਸਥਾਨ, ਜਾਂ ਦੇਖਭਾਲ ਕਰਨ ਵਾਲੇ ਜਾਂ ਪਰਿਵਾਰਕ ਮੈਂਬਰ ਦਾ ਸਥਾਨ ਹੋ ਸਕਦਾ ਹੈ। ਜੇਕਰ ਤੁਹਾਡਾ ਪਸੰਦੀਦਾ ਸਥਾਨ ਸੂਬੇ ਦੇ ਉੱਤਰ ਪੂਰਬ ਜਾਂ ਉੱਤਰ ਪੱਛਮੀ ਖੇਤਰ ਵਿੱਚ ਹੈ, ਤਾਂ ਇਹ ਯਕੀਨੀ ਬਣਾਉਣ ਲਈ ਕਿ ਅਸੀਂ ਤੁਹਾਡੀਆਂ ਲੋੜਾਂ ਪੂਰੀਆਂ ਕਰਨ ਵਾਲਾ ਇੱਕ ਘਰ ਚੁਣ ਸਕੀਏ, ਚੁਣੇ ਗਏ ਘਰ ਤੁਹਾਡੇ ਪਸੰਦੀਦਾ ਸਥਾਨ ਤੋਂ 150 ਕਿਲੋਮੀਟਰ ਦੇ ਘੇਰੇ ਵਿੱਚ ਜਾਂ ਜ਼ਿਆਦਾ ਦੂਰ ਹੋ ਸਕਦੇ ਹਨ। ਜਿੱਥੇ ਸੰਭਵ ਹੋਵੇ, ਦੇਖਭਾਲ ਕੋਆਰਡੀਨੇਟਰ ਘਰ ਦੀ ਚੋਣ ਕਰਦੇ ਸਮੇਂ ਤੁਹਾਡੀਆਂ ਧਾਰਮਿਕ, ਭਾਸ਼ਾਈ ਅਤੇ ਨਸਲੀ ਤਰਜੀਹਾਂ ’ਤੇ ਵਿਚਾਰ ਕਰੇਗਾ।

## ਮੇਰੇ ਚੁਣੇ ਹੋਏ ਘਰ ਵਿੱਚ ਜਾਣ ਲਈ ਮੈਨੂੰ ਕਿੰਨੀ ਦੇਰ ਉਡੀਕ ਕਰਨੀ ਪਵੇਗੀ?

ਲੰਬੀ-ਮਿਆਦ ਦੀ ਦੇਖਭਾਲ ਲਈ ਉਡੀਕ ਸਮਾਂ ਚੁਣੇ ਗਏ ਘਰਾਂ ਦੇ ਆਧਾਰ 'ਤੇ ਵੱਖ-ਵੱਖ ਹੁੰਦਾ ਹੈ। ਖਾਸ ਲੰਬੀ-ਮਿਆਦ ਦੇ ਦੇਖਭਾਲ ਘਰਾਂ ਲਈ ਉਡੀਕ ਸਮੇਂ ਬਾਰੇ ਚਰਚਾ ਕਰਨ ਲਈ ਕਿਰਪਾ ਕਰਕੇ ਆਪਣੇ ਪਲੇਸਮੈਂਟ ਕੋਆਰਡੀਨੇਟਰ ਨਾਲ ਗੱਲ ਕਰੋ।

Ontario

## ਮੈਂ ਹਸਪਤਾਲ ਵਿੱਚ ਉਡੀਕ ਕਿਉਂ ਨਹੀਂ ਕਰ ਸਕਦਾ/ਸਕਦੀ ਹਾਂ?

ਹਸਪਤਾਲ ਘਰ ਨਹੀਂ ਹੁੰਦਾ। ਹਸਪਤਾਲਾਂ ਨੂੰ ਵਿਕਲਪਕ ਪੱਧਰ ਦੀ ਦੇਖਭਾਲ (ALC), ਮਰੀਜ਼ ਦੀਆਂ ਪੁਨਰ-ਬਹਾਲੀ, ਸਹਾਇਤਾਕਾਰੀ ਜਾਂ ਮੁੜ ਵਸੇਬੇ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਨਹੀਂ ਬਣਾਇਆ ਜਾਂਦਾ ਹੈ, ਅਤੇ ਜਦੋਂ ਤੁਸੀਂ ਹਸਪਤਾਲ ਵਿੱਚ ਉਡੀਕ ਕਰਦੇ ਹੋ, ਤਾਂ ਤੁਹਾਨੂੰ ਹਸਪਤਾਲ-ਆਧਾਰਿਤ ਲਾਗਾਂ ਦਾ ਖ਼ਤਰਾ ਹੁੰਦਾ ਹੈ। ਹੋਰ ਢੁਕਵੇਂ ਮਾਹੌਲ ਹਨ, ਜਿਵੇਂ ਕਿ ਲੰਬੀ-ਮਿਆਦ ਦੀ ਦੇਖਭਾਲ, ਜਿੱਥੇ ਤੁਸੀਂ ਘਰ ਵਰਗੇ ਮਾਹੌਲ ਵਿੱਚ ਸਹੀ ਦੇਖਭਾਲ ਪ੍ਰਾਪਤ ਕਰ ਸਕਦੇ ਹੋ ਅਤੇ ਭੋਜਨ, ਮਨੋਰੰਜਨ ਅਤੇ ਸਰੀਰਕ ਗਤੀਵਿਧੀ ਵਰਗੀਆਂ ਸਮਾਜਕ ਗਤੀਵਿਧੀਆਂ ਤੋਂ ਲਾਭ ਪ੍ਰਾਪਤ ਕਰ ਸਕਦੇ ਹੋ। ਇਸ ਗੱਲ ਦਾ ਸਬੂਤ ਹੈ ਕਿ ਹੋਰ ਦੇਖਭਾਲ ਮਾਹੌਲਾਂ ਵਿੱਚ ਪ੍ਰਦਾਨ ਕੀਤੇ ਜਾਂਦੇ ਸਮਾਜਕ ਅਤੇ ਮਨੋਰੰਜਕ ਸਮਰਥਨਾਂ ਦੇ ਬਿਨਾਂ, ਤੁਹਾਨੂੰ ਸਰੀਰਕ ਅਤੇ ਬੋਧਾਤਮਕ ਗਿਰਾਵਟ ਦਾ ਖ਼ਤਰਾ ਹੋ ਸਕਦਾ ਹੈ। ਲੰਬੀ-ਮਿਆਦ ਦੇ ਦੇਖਭਾਲ ਘਰ ਵਿੱਚ ਤੁਹਾਡਾ ਸਮੇਂ ਸਿਰ ਦਾਖਲਾ ਇਹ ਯਕੀਨੀ ਬਣਾਏਗਾ ਕਿ ਤੁਹਾਨੂੰ ਤੁਹਾਡੀ ਸੁਤੰਤਰਤਾ, ਸੁਰੱਖਿਆ ਅਤੇ ਜੀਵਨ ਦੀ ਗੁਣਵੱਤਾ ਦਾ ਸਮਰਥਨ ਕਰਨ ਲਈ ਲੋੜੀਂਦੀ ਸਿਹਤ ਅਤੇ ਨਿੱਜੀ ਦੇਖਭਾਲ ਮਿਲੇ। ਨਾਲ ਹੀ, ਪਤਝੜ ਅਤੇ ਸਰਦੀਆਂ ਦੇ ਸਾਹ ਲੈਣ ਦਾ ਮੌਸਮ ਸਿਹਤ ਪ੍ਰਣਾਲੀ 'ਤੇ ਵਾਧੂ ਦਬਾਅ ਪਾ ਸਕਦਾ ਹੈ ਅਤੇ ਸਾਡੇ ਹਸਪਤਾਲਾਂ ਵਿੱਚ ਸਮਰੱਥਾ ਨੂੰ ਸੀਮਿਤ ਕਰ ਸਕਦਾ ਹੈ। ਇਹ ਓਨਟਾਰੀਓ ਦੇ ਉਨ੍ਹਾਂ ਸਾਰੇ ਲੋਕਾਂ ਨੂੰ ਪ੍ਰਭਾਵਿਤ ਕਰਦਾ ਹੈ, ਜਿਨ੍ਹਾਂ ਨੂੰ ਹਸਪਤਾਲ ਦੀ ਦੇਖਭਾਲ ਦੀ ਲੋੜ ਹੋ ਸਕਦੀ ਹੈ।

## ਜੇ ਮੈਂ ਲੰਬੀ-ਮਿਆਦ ਦੀ ਦੇਖਭਾਲ ਲਈ ਦਾਖਲਾ ਪ੍ਰਕਿਰਿਆ ਲਈ ਸਹਿਮਤ ਨਹੀਂ ਹਾਂ ਤਾਂ ਕੀ ਹੋਵੇਗਾ?

ਜੇਕਰ ਤੁਸੀਂ ਲੰਬੀ-ਮਿਆਦ ਦੀ ਦੇਖਭਾਲ ਵਿੱਚ ਦਾਖਲੇ ਲਈ ਮੁਲਾਂਕਣ ਕੀਤੇ ਜਾਣ ਲਈ ਸਹਿਮਤੀ ਨਹੀਂ ਦਿੰਦੇ ਹੋ, ਤਾਂ ਇੱਕ ਪਲੇਸਮੈਂਟ ਕੋਆਰਡੀਨੇਟਰ ਤੁਹਾਡੇ ਹਸਪਤਾਲ ਅਤੇ ਸਿਹਤ ਰਿਕਾਰਡਾਂ ਦੀ ਵਰਤੋਂ ਕਰੇਗਾ, ਅਤੇ ਜਿੱਥੇ ਲੋੜ ਹੋਵੇ, ਤੁਹਾਡੀ ਯੋਗਤਾ ਨਿਰਧਾਰਤ ਕਰਨ ਲਈ ਤੁਹਾਡੇ ਡਾਕਟਰ ਅਤੇ ਘਰ ਅਤੇ ਕਮਿਊਨਿਟੀ ਦੇਖਭਾਲ ਪ੍ਰਦਾਤਾਵਾਂ ਨਾਲ ਸਲਾਹ-ਮਸ਼ਵਰਾ ਕਰੇਗਾ। ਜੇਕਰ ਤੁਸੀਂ ਲੰਬੀ-ਮਿਆਦ ਦੀ ਦੇਖਭਾਲ ਲਈ ਯੋਗ ਹੋ, ਤਾਂ ਪਲੇਸਮੈਂਟ ਕੋਆਰਡੀਨੇਟਰ ਤੁਹਾਡੇ ਭੂਗੋਲਿਕ ਘੇਰੇ ਵਿੱਚ ਇੱਕ ਜਾਂ ਇੱਕ ਤੋਂ ਵੱਧ ਘਰਾਂ ਦੀ ਪਛਾਣ ਕਰੇਗਾ ਜੋ ਤੁਹਾਡੀਆਂ ਦੇਖਭਾਲ ਦੀਆਂ ਲੋੜਾਂ ਨੂੰ ਪੂਰਾ ਕਰਦੇ ਹਨ ਅਤੇ ਤੁਹਾਡੀ ਅਰਜ਼ੀ ਨੂੰ ਸਵੀਕਾਰ ਕਰਨ ਜਾਂ ਅਸਵੀਕਾਰ ਕਰਨ ਦੇ ਉਦੇਸ਼ਾਂ ਲਈ ਘਰਾਂ ਨਾਲ ਤੁਹਾਡੀ ਜਾਣਕਾਰੀ ਸਾਂਝੀ ਕਰੇਗਾ। ਪਲੇਸਮੈਂਟ ਕੋਆਰਡੀਨੇਟਰ ਸਾਰੀ ਪ੍ਰਕਿਰਿਆ ਦੌਰਾਨ ਤੁਹਾਨੂੰ ਜਾਣਕਾਰੀ ਦਿੰਦਾ ਰਹੇਗਾ ਅਤੇ ਇੱਕ ਬਿਸਤਰਾ ਉਪਲਬਧ ਹੋਣ ’ਤੇ ਤੁਹਾਨੂੰ ਸੂਚਿਤ ਕਰੇਗਾ।

## ਜੇਕਰ ਮੈਂ ਕਿਸੇ ਅਜਿਹੇ ਘਰ ਵਿੱਚ ਜਾਂਦਾ/ਜਾਂਦੀ ਹਾਂ ਜੋ ਮੇਰੇ ਪਲੇਸਮੈਂਟ ਕੋਆਰਡੀਨੇਟਰ ਦੁਆਰਾ ਚੁਣਿਆ ਗਿਆ ਸੀ ਤਾਂ ਮੇਰੇ ਘਰਾਂ ਦੀ ਸੂਚੀ ਦਾ ਕੀ ਹੁੰਦਾ ਹੈ?

ਜਿਹੜੇ ਮਰੀਜ਼ ਪਲੇਸਮੈਂਟ ਕੋਆਰਡੀਨੇਟਰ ਦੁਆਰਾ ਚੁਣੇ ਗਏ ਲੰਬੀ-ਮਿਆਦ ਦੇ ਦੇਖਭਾਲ ਘਰ ਵਿੱਚ ਚਲੇ ਜਾਂਦੇ ਹਨ, ਉਹ ਆਪਣੇ ਸਿਖਰਲੇ ਪੰਜ ਵਿਕਲਪਾਂ ਲਈ ਸੰਕਟ ਸ਼੍ਰੇਣੀ ਵਿੱਚ ਉਡੀਕ ਸੂਚੀ ਵਿੱਚ ਬਣੇ ਰਹਿਣਗੇ। ਇੱਕ ਵਾਰ ਜਦੋਂ ਤੁਸੀਂ ਕਿਸੇ ਘਰ ਵਿੱਚ ਚਲੇ ਜਾਂਦੇ ਹੋ, ਤਾਂ ਪਲੇਸਮੈਂਟ ਕੋਆਰਡੀਨੇਟਰ ਤੁਹਾਡੇ ਨਾਲ ਤਬਾਦਲੇ ਦੇ ਵਿਕਲਪਾਂ ’ਤੇ ਚਰਚਾ ਕਰਨ ਲਈ ਤੁਹਾਡੇ ਨਾਲ ਸੰਪਰਕ ਕਰੇਗਾ ਅਤੇ ਤੁਹਾਡੇ ਨਾਲ ਭਵਿੱਖ ਵਿੱਚ ਤਬਾਦਲੇ ਲਈ ਤੁਹਾਡਾ ਪਸੰਦੀਦਾ ਘਰ ਚੁਣਨ ਲਈ ਕੰਮ ਕਰੇਗਾ, ਜੇਕਰ ਤੁਸੀਂ ਪਹਿਲਾਂ ਅਜਿਹਾ ਨਹੀਂ ਕੀਤਾ ਹੈ।

## ਮੈਂ ਇੱਕ ਬੁਨਿਆਦੀ ਬਿਸਤਰੇ ਲਈ ਅਰਜ਼ੀ ਦਿੱਤੀ ਹੈ ਅਤੇ ਮੇਰੇ ਕੋਲ ਇੱਕ ਪ੍ਰਾਈਵੇਟ/ਅਰਧ-ਪ੍ਰਾਈਵੇਟ ਕਮਰੇ ਲਈ ਭੁਗਤਾਨ ਕਰਨ ਦਾ ਸਾਧਨ ਨਹੀਂ ਹੈ ਜੋ ਤੁਸੀਂ ਪੇਸ਼ ਕਰ ਰਹੇ ਹੋ। ਕੀ ਮੈਨੂੰ ਪ੍ਰਾਈਵੇਟ/ਅਰਧ-ਪ੍ਰਾਈਵੇਟ ਬਿਸਤਰੇ ਲਈ ਉੱਚ ਦਰ ਦਾ ਭੁਗਤਾਨ ਕਰਨਾ ਪਵੇਗਾ?

ਪਲੇਸਮੈਂਟ ਕੋਆਰਡੀਨੇਟਰ ਬੁਨਿਆਦੀ ਰਿਹਾਇਸ਼ ਦਰ ’ਤੇ ਬਿਸਤਰਾ ਉਪਲਬਧ ਕਰਾਉਣ ਲਈ ਸਿੱਧੇ ਤੌਰ ’ਤੇ ਘਰ ਨਾਲ ਕੰਮ ਕਰੇਗਾ। ਤੁਹਾਨੂੰ ਸਿਰਫ਼ ਉਸ ਬਿਸਤਰੇ ਦੀ ਕਿਸਮ ਲਈ ਭੁਗਤਾਨ ਕਰਨ ਦੀ ਲੋੜ ਹੋਵੇਗੀ ਜਿਸਦੀ ਤੁਸੀਂ ਬੇਨਤੀ ਕੀਤੀ ਹੈ। ਇੱਕ ਵਾਰ ਜਦੋਂ ਤੁਸੀਂ ਘਰ ਵਿੱਚ ਚਲੇ ਜਾਂਦੇ ਹੋ, ਤਾਂ ਤੁਹਾਨੂੰ ਬੁਨਿਆਦੀ ਦਰਾਂ ਦੀ ਰਿਹਾਇਸ਼ ਲਈ ਅੰਦਰੂਨੀ ਤਬਾਦਲਾ ਸੂਚੀ ਵਿੱਚ ਰੱਖਿਆ ਜਾਵੇਗਾ। ਜਦੋਂ ਇੱਕ ਬੁਨਿਆਦੀ ਬਿਸਤਰਾ ਉਪਲਬਧ ਹੋ ਜਾਂਦਾ ਹੈ, ਤਾਂ ਤੁਹਾਨੂੰ ਉਸ ਬੁਨਿਆਦੀ ਬਿਸਤਰੇ ਵਿੱਚ ਤਬਦੀਲ ਕਰਨ ਦੀ ਲੋੜ ਹੋਵੇਗੀ ਜਾਂ ਮੌਜੂਦਾ ਕਮਰੇ ਲਈ ਤਰਜੀਹੀ ਰਿਹਾਇਸ਼ ਦੀ ਦਰ ਦਾ ਭੁਗਤਾਨ ਕਰਨਾ ਸ਼ੁਰੂ ਕਰਨਾ ਪਵੇਗਾ।

## ਜੇ ਮੈਂ ਲੰਬੀ-ਮਿਆਦ ਦੇ ਕੇਅਰ ਹੋਮ ਵਿੱਚ ਜਾਵਾਂ ਅਤੇ ਮੈਨੂੰ ਘਰ ਪਸੰਦ ਨਾ ਆਵੇ ਤਾਂ ਕੀ ਹੋਵੇਗਾ?

ਜੇਕਰ ਤੁਹਾਨੂੰ ਲੰਬੀ-ਮਿਆਦ ਦੇ ਕੇਅਰ ਹੋਮ ਵਿੱਚ ਦੇਖਭਾਲ ਬਾਰੇ ਚਿੰਤਾਵਾਂ ਹਨ, ਤਾਂ ਕਿਰਪਾ ਕਰਕੇ ਮੁੱਦਿਆਂ ਨੂੰ ਹੱਲ ਕਰਨ ਲਈ ਘਰ ਦੇ ਐਡਮਿਨਿਸਟ੍ਰੇਟਰ ਨਾਲ ਗੱਲ ਕਰੋ। ਤੁਸੀਂ ਆਪਣੀਆਂ ਚਿੰਤਾਵਾਂ ਅਤੇ ਸ਼ਿਕਾਇਤਾਂ ਦੱਸਣ ਲਈ ਲੌਂਗ-ਟਰਮ ਕੇਅਰ ਫੈਮਿਲੀ ਸਪੋਰਟ ਐਂਡ ਐਕਸ਼ਨ ਲਾਈਨ ਨੂੰ 1-866-434-0144 ’ਤੇ ਜਾਂ ਪੇਸ਼ੈਂਟ ਓਮਬਡਸਮੈਨ ਨਾਲ 1-888-321-0339 ’ਤੇ ਵੀ ਸੰਪਰਕ ਕਰ ਸਕਦੇ ਹੋ।

### ਜੇਕਰ ਮੈਂ ਬਿਸਤਰੇ ਦੀ ਪੇਸ਼ਕਸ਼ ਨੂੰ ਸਵੀਕਾਰ ਨਹੀਂ ਕਰਦਾ/ਕਰਦੀ ਹਾਂ ਤਾਂ ਕੀ ਹੋਵੇਗਾ?

ਜੇਕਰ ਤੁਸੀਂ ਲੰਬੀ-ਮਿਆਦ ਦੇ ਦੇਖਭਾਲ ਘਰ ਤੋਂ ਬਿਸਤਰੇ ਦੀ ਪੇਸ਼ਕਸ਼ ਨੂੰ ਅਸਵੀਕਾਰ ਕਰਦੇ ਹੋ, ਤਾਂ ਤੁਸੀਂ ਉਹਨਾਂ ਲੰਬੀ-ਮਿਆਦ ਦੇ ਦੇਖਭਾਲ ਘਰਾਂ ਲਈ ਉਡੀਕ ਸੂਚੀ ਵਿੱਚ ਬਣੇ ਰਹੋਗੇ ਜੋ ਤੁਸੀਂ ਅਤੇ ਪਲੇਸਮੈਂਟ ਕੋਆਰਡੀਨੇਟਰ ਨੇ ਚੁਣੇ ਹਨ। ਚਾਹੇ ਘਰ ਦੀ ਚੋਣ ਤੁਹਾਡੇ ਦੁਆਰਾ ਕੀਤੀ ਗਈ ਸੀ ਜਾਂ ਪਲੇਸਮੈਂਟ ਕੋਆਰਡੀਨੇਟਰ ਦੁਆਰਾ, ਜੇਕਰ ਤੁਸੀਂ ਬਿਸਤਰੇ ਦੀ ਪੇਸ਼ਕਸ਼ ਨੂੰ ਅਸਵੀਕਾਰ ਕਰਦੇ ਹੋ ਤਾਂ ਹਸਪਤਾਲ ਦੀ ਡਿਸਚਾਰਜ ਟੀਮ ਨੂੰ ਸੂਚਿਤ ਕੀਤਾ ਜਾਵੇਗਾ।

**ਹਸਪਤਾਲ ਤੁਹਾਡੇ ਤੋਂ ਪ੍ਰਤੀ ਦਿਨ $400 ਦੀ ਦਰ ਵਸੂਲਣਗੇ ਜੇਕਰ ਤੁਹਾਨੂੰ ਹੁਣ ਗੰਭੀਰ ਡਾਕਟਰੀ ਦੇਖਭਾਲ ਦੀ ਲੋੜ ਨਹੀਂ ਹੈ ਅਤੇ ਤੁਹਾਨੂੰ ਲੰਬੀ-ਮਿਆਦ ਦੀ ਦੇਖਭਾਲ ਵਿੱਚ ਬਿਸਤਰੇ ਦੀ ਪੇਸ਼ਕਸ਼ ਪ੍ਰਾਪਤ ਹੋਈ ਹੈ ਪਰ ਤੁਹਾਡੀ ਦੇਖਭਾਲ ਦੀਆਂ ਲੋੜਾਂ ਨੂੰ ਸਭ ਤੋਂ ਵਧੀਆ ਢੰਗ ਨਾਲ ਪੂਰਾ ਕਰਨ ਵਾਲੇ ਮਾਹੌਲ ਦੀ ਉਡੀਕ ਕਰਦੇ ਹੋਏ ਤੁਸੀਂ ਹਸਪਤਾਲ ਵਿੱਚ ਰਹਿਣ ਦੀ ਚੋਣ ਕਰਦੇ ਹੋ। ਜੇ ਤੁਹਾਡੇ ਕੋਲ ਫ਼ੀਸ ਬਾਰੇ ਕੋਈ ਸਵਾਲ ਜਾਂ ਚਿੰਤਾਵਾਂ ਹਨ ਤਾਂ ਮਰੀਜ਼ਾਂ ਅਤੇ ਫੈਸਲੇ ਲੈਣ ਵਾਲੇ ਬਦਲਵੇਂ ਵਿਅਕਤੀਆਂ ਨੂੰ ਹਸਪਤਾਲ ਨਾਲ ਸਿੱਧੇ ਤੌਰ 'ਤੇ ਗੱਲ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।**

### ਜੇਕਰ ਮੈਂ ਪ੍ਰਕਿਰਿਆ ਤੋਂ ਸੰਤੁਸ਼ਟ ਨਹੀਂ ਹਾਂ, ਤਾਂ ਮੈਂ ਆਪਣੀਆਂ ਚਿੰਤਾਵਾਂ ਬਾਰੇ ਕਿਸ ਨਾਲ ਗੱਲ ਕਰ ਸਕਦਾ/ਸਕਦੀ ਹਾਂ?

ਕਿਸੇ ਵੀ ਚਿੰਤਾਵਾਂ ਜਾਂ ਸ਼ਿਕਾਇਤਾਂ 'ਤੇ ਚਰਚਾ ਕਰਨ ਲਈ ਕਿਰਪਾ ਕਰਕੇ ਆਪਣੇ ਪਲੇਸਮੈਂਟ ਕੋਆਰਡੀਨੇਟਰ ਨਾਲ ਗੱਲ ਕਰੋ। ਪਲੇਸਮੈਂਟ ਕੋਆਰਡੀਨੇਟਰ ਨੂੰ ਤੁਹਾਡੀ ਸਥਿਤੀ ਦੀ ਸਭ ਤੋਂ ਵੱਧ ਜਾਣਕਾਰੀ ਹੁੰਦੀ ਹੈ ਅਤੇ ਇਹ ਸੁਣਨਾ ਚਾਹੁੰਦਾ ਹੈ ਕਿ ਕੀ ਸਭ ਠੀਕ ਚੱਲ ਰਿਹਾ ਹੈ ਅਤੇ ਉਹ ਤੁਹਾਡੀਆਂ ਚਿੰਤਾਵਾਂ ਨੂੰ ਦੂਰ ਕਰਨ ਲਈ ਕੀ ਕਰ ਸਕਦੇ ਹਨ। ਤੁਹਾਡਾ ਪਲੇਸਮੈਂਟ ਕੋਆਰਡੀਨੇਟਰ ਕਿਸੇ ਵੀ ਚਿੰਤਾ ਨੂੰ ਦੂਰ ਕਰਨ ਲਈ ਤੁਹਾਡੇ ਜਾਂ ਤੁਹਾਡੇ ਫੈਸਲੇ ਲੈਣ ਵਾਲੇ ਬਦਲਵੇਂ ਵਿਅਕਤੀ ਨਾਲ ਕੰਮ ਕਰੇਗਾ। ਜੇਕਰ ਤੁਹਾਡੀ ਚਿੰਤਾ ਨੂੰ ਤੁਹਾਡੀ ਸੰਤੁਸ਼ਟੀ ਹੋਣ ਤੱਕ ਹੱਲ ਨਹੀਂ ਕੀਤਾ ਜਾਂਦਾ ਹੈ, ਤਾਂ ਤੁਸੀਂ ਆਪਣੀ ਸਥਾਨਕ ਹੋਮ ਐਂਡ ਕਮਿਊਨਿਟੀ ਕੇਅਰ ਸਪੋਰਟ ਸਰਵਿਸਿਜ਼ ਦੀ ਮਰੀਜ਼ ਅਨੁਭਵ ਟੀਮ ਨਾਲ ਸੰਪਰਕ ਕਰ ਸਕਦੇ ਹੋ। ਜੇਕਰ ਹੋਮ ਐਂਡ ਕਮਿਊਨਿਟੀ ਕੇਅਰ ਸਪੋਰਟ ਸਰਵਿਸਿਜ਼ ਨਾਲ ਤੁਹਾਡੀਆਂ ਚਿੰਤਾਵਾਂ ਹੱਲ ਨਹੀਂ ਹੁੰਦੀਆਂ ਹਨ, ਤਾਂ ਤੁਸੀਂ ਲੌਂਗ-ਟਰਮ ਕੇਅਰ ਫੈਮਿਲੀ ਸਪੋਰਟ ਐਂਡ ਐਕਸ਼ਨ ਲਾਈਨ ਨਾਲ 1-866-434-0144 'ਤੇ ਜਾਂ ਪੇਸ਼ੈਂਟ ਓਮਬਡਸਮੈਨ ਨਾਲ 1-888-321-0339 'ਤੇ ਵੀ ਸੰਪਰਕ ਕਰ ਸਕਦੇ ਹੋ।

**ਹੋਰ ਜਾਣਕਾਰੀ ਲਈ:**

310-2222 (ਕਿਸੇ ਏਰੀਆ ਕੋਡ ਦੀ ਲੋੜ ਨਹੀਂ) | www.healthcareathome.ca
ਓਨਟਾਰੀਓ ਵਿੱਚ ਲੰਬੀ-ਮਿਆਦ ਦੀ ਦੇਖਭਾਲ: www.ontario.ca/page/ministry-long-term-care
ਓਨਟਾਰੀਓ ਦੇ ਲੰਬੀ-ਮਿਆਦ ਦੇ ਦੇਖਭਾਲ ਘਰਾਂ ਦੇ ਵਰਚੁਅਲ ਟੂਰ ਲਈ: www.thehealthline.ca
*ਖੋਜ ਖੇਤਰ ਵਿੱਚ ਆਪਣਾ ਸ਼ਹਿਰ ਜਾਂ ਡਾਕ ਕੋਡ ਦਰਜ ਕਰੋ, ਫਿਰ "long-term care homes" ਖੋਜੋ*
ਲੰਬੀ-ਮਿਆਦ ਦੀ ਦੇਖਭਾਲ ਦੀਆਂ ਜਾਂਚ ਰਿਪੋਰਟਾਂ ਲਈ ਦੇਖੋ: http://publicreporting.ltchomes.net/en-ca/default.aspx

Ontario